# ਕਾਲਜ 'ਚ ਸਫ਼ਾਈ ਜਾਗਰੂਕਤਾ ਅਭਿਆਨ ਚਲਾਇਆ




ਐੱਨ. ਸੀ. ਸੀ. ਕੈਡਿਟਾਂ ਵੱਲੋਂ ਕੱਢੀ ਗਈ ਸਵੱਛਤਾ ਰੈਲੀ ਦਾ ਦ੍ਰਿਸ਼। (ਸਰਬਜੀਤ)

ਅੰਮ੍ਰਿਤਸਰ, 2 ਅਗਸਤ (ਜ.ਬ)—ਖ਼ਾਲਸਾ ਕਾਲਜ ਵਿਖੇ ਪ੍ਰਧਾਨ ਮੰਤਰੀ ਸਵੱਛ ਭਾਰਤ ਯੋਜਨਾ ਅਧੀਨ ਕਾਲਜ ਦੇ ਐੱਨ.ਸੀ.ਸੀ.ਕੈਡਿਟਾਂ ਵੱਲੋਂ ਸਵੱਛਤਾ ਰੈਲੀ ਕੱਢੀ ਗਈ। ਪੰਜਾਬ ਬਟਾਲੀਅਨ ਐੱਨ. ਸੀ. ਸੀ. ਅੰਮ੍ਰਿਤਸਰ ਦੇ ਕਮਾਂਡਰ ਅਫ਼ਸਰ ਕਰਨਲ ਨਰਿੰਦਰ ਸਿੰਘ ਅਤੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਨਿਰਦੇਸ਼ਾਂ 'ਤੇ ਏ. ਐੱਨ. ਓ. ਡਾ. ਹਰਬਿਲਾਸ ਸਿੰਘ ਦੀ ਅਗਵਾਈ ਹੇਠ ਰੇਲਵੇ ਸਟੇਸ਼ਨ ਤੱਕ ਕੱਢੀ ਗਈ ਰੈਲੀ ਮੌਕੇ ਕੈਡਿਟਾਂ ਵੱਲੋਂ ਸਟੇਸ਼ਨ 'ਤੇ ਯਾਤਰੀਆਂ ਨੂੰ ਸਫ਼ਾਈ ਪ੍ਰਤੀ ਸੁਚੇਤ ਕੀਤਾ ਗਿਆ। ਇਸ ਮੌਕੇ ਕੈਡਿਟਾਂ ਨੇ ਕਾਲਜ ਦੀਆਂ ਗਰਾਊਂਡਾਂ ਅਤੇ ਆਲੇਕਦੁਆਲੇ ਦੀ ਸਫ਼ਾਈ ਕੀਤੀ ਗਈ। ਪ੍ਰੋਗਰਾਮ ਮੌਕੇ ਸੀਨੀਅਰ ਕੈਡਿਟ ਸੰਦੀਪ ਕਿੰਗਰਾ, ਗੁਰਸੇਵਕ ਸਿੰਘ, ਮਨਜੋਤ ਸਿੰਘ ਤੇ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

Scanned by CamScanner